# ਸ਼ਹਿਰ ਕਿਵੇਂ ਵੱਧਦਾ-ਫੁੱਲਦਾ ਹੈ

## ਸਿਟੀ ਆਫ ਟੋਰਾਂਟੋ ਵਿੱਚ ਪਲੈਨਿੰਗ

ਸ਼ਹਿਰ ਇੱਕ ਇਸਤਰ੍ਹਾਂ ਦਾ ਸਥਾਨ ਹੈ, ਜਿੱਥੇ ਲੋਕ ਰਹਿ ਸਕਦੇ ਹਨ, ਸਿੱਖ ਸਕਦੇ ਹਨ, ਘੁੰਮ ਅਤੇ ਖੇਡ ਸਕਦੇ ਹਨ। ਜਿੱਥੇ ਭਿੰਨ-ਭਿੰਨ ਸੇਵਾਵਾਂ ਮਿਲਣੀਆਂ ਚਾਹੀਦੀਆਂ ਹਨ ਜਿਵੇਂ ਕਿ ਸਕੂਲ, ਪਾਰਕ, ਸਿਹਤ ਦੀ ਦੇਖਭਾਲ, ਦੁਕਾਨਾਂ, ਰੈਸਟੋਰੈਂਟ ਅਤੇ ਆਵਾਜਾਈ ਦੀਆਂ ਸੇਵਾਵਾਂ ਆਦਿ।

ਜੋ ਸ਼ਹਿਰ ਗਤੀਸ਼ੀਲ ਅਤੇ ਸੁੰਦਰ ਹੁੰਦੇ ਹਨ ਉੱਥੇ ਹੀ ਲੋਕ ਰਹਿਣਾ, ਘੁੰਮਣਾ ਫਿਰਨਾ ਅਤੇ ਵਾਪਾਰ ਕਰਨਾ ਚਾਹੁੰਦੇ ਹਨ।

ਟੋਰਾਂਟੋ ਵਿੱਚ, ਸਿਟੀ ਪਲੈਨਿੰਗ ਡਵੀਜਨ, ਸ਼ਹਿਰ ਦੀ ਦਿਖਾਵਟ ਅਤੇ ਵਧਣ ਫੁੱਲਣ ਦੀ ਰਾਹ ਦਿਖਾਉਣ ਵਿੱਚ ਮੱਦਦ ਕਰਦਾ ਹੈ। ਭਾਈਚਾਰੇ ਅਤੇ ਹੋਰ ਸਿਟੀ ਡਵੀਜਨਾਂ ਦੇ ਨਾਲ ਮਿਲਜੁਲ ਕੇ ਸਿਟੀ ਪਲੈਨਿੰਗ ਦਾ ਕੰਮ ਕਰਦੀ ਹੈ, ਵਿਕਾਸ ਦੀਆਂ ਨੀਤੀਆਂ ਬਣਾਉਂਦੀ ਹੈ ਅਤੇ ਨਾਲ ਹੀ ਨਾਲ ਮਹੱਤਵਪੂਰਨ ਸਮਾਜਕ, ਆਰਥਕ, ਅਤੇ ਵਾਤਾਵਰਣ ਵਰਗੇ ਮੁੱਦਿਆਂ ਦਾ ਵੀ ਧਿਆਨ ਰੱਖਦੀ ਹੈ।

ਚੰਗੀ ਪਲੈਨਿੰਗ ਨਾਲ ਚੰਗੀ ਤਰੱਕੀ ਹੁੰਦੀ ਹੈ ਅਤੇ ਮਨਪਸੰਦ ਕਮਿਊਨਿਟੀ ਬਣਾਉਣ ਵਿੱਚ ਸਹਾਇਤਾ ਮਿਲਦੀ ਹੈ।

# ਪਲੈਨਰ ਦਾ ਕੰਮ ਕੀ ਹੁੰਦਾ ਹੈ?

ਪਲੈਨਿੰਗ ਵਾਲੇ ਕਰਮਚਾਰੀ ਜਨਤਾ ਦੇ ਨਾਲ ਵਿਚਾਰ ਸਾਂਝੇ ਕਰਦੇ ਹਨ ਅਤੇ ਉਹਨਾਂ ਵਿਸ਼ਿਆਂ ਦਾ ਅਧਿਐਨ ਕਰਦੇ ਹਨ ਜਿਹਨਾਂ ਨਾਲ ਯੋਜਨਾਵਾਂ, ਨੀਤੀਆਂ ਅਤੇ ਕਾਰਜਕਰਮ ਕੀਤੇ ਜਾਂਦੇ ਹਨ ਤਾਂ ਕਿ ਸਾਡੇ ਸ਼ਹਿਰੀ ਵਾਤਾਵਰਣ ਦੀ ਸੁਰੱਖਿਆ ਅਤੇ ਤਰੱਕੀ ਹੋ ਸਕੇ। ਇਹ ਲੋਕ ਸਿਟੀ ਕਾਊਂਸਲ ਨੂੰ ਸੁਝਾਅ, ਸਲਾਹ ਅਤੇ ਸਹਾਇਤਾ ਦਿੰਦੇ ਹਨ। ਪਲੈਨਰ ਭਾਈਚਾਰੇ ਅਤੇ ਸ਼ਹਿਰ ਦੇ ਭਿੰਨ-ਭਿੰਨ ਸਮੁਦਾਵਾਂ ਦੇ ਨਾਲ ਮਿਲਕੇ ਕੰਮ ਕਰਦੇ ਹਨ ਅਤੇ ਇਸਤਰਾਂ ਦੇ ਉੱਦਮ ਸ਼ਹਿਰ ਦੇ ਵਿਕਾਸ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਦੇ ਹਨ।

ਟੋਰਾਂਟੋ ਸਿਟੀ ਪਲੈਨਿੰਗ ਡਵੀਜਨ ਕਾਰਜਪ੍ਰਣਾਲੀ ਦੇ ਚਾਰ ਭਾਗਾਂ ਦੇ ਅਨੁਸਾਰ ਜਿਲਿਆਂ ਤੋਂ ਬਣਿਆ ਹੈ – ਈਟੋਬੀਕੋ ਯਾਰਕ, ਨੌਰਥ ਯੌਰਕ, ਟੋਰਾਂਟੋ ਅਤੇ ਈਸਟ ਯੌਰਕ ਅਤੇ ਸਕਾਰਬਰੋ

1. ਕਮਿਊਨਿਟੀ ਪਲੈਨਿੰਗ: ਵਿਕਾਸ ਦੀਆਂ ਯੋਜਨਾਵਾਂ ਦੇ ਬਾਰੇ ਵਿੱਚ ਕਾਊਂਸਲ ਨੂੰ ਸੁਝਾਅ ਦਿੰਦੀ ਹੈ, ਜਨਤਾ ਅਤੇ ਸਿਟੀ ਸੇਵਾਵਾਂ ਦੇ ਸਲਾਹ ਮਸ਼ਵਰੇ ਤੋਂ ਬਾਅਦ ਅਤੇ ਵਿਕਾਸ ਦੀਆਂ ਯੋਜਨਾਵਾਂ ਦੇ ਸਾਰੇ ਹਿੱਸਿਆਂ ਦਾ ਬਾਰੀਕੀ ਦੇ ਨਾਲ ਅਧਿਐਨ ਕਰਨ ਤੋਂ ਬਾਅਦ।
2. ਪਾਲਿਸੀ ਅਤੇ ਰਿਸਰਚ – ਪਲੈਨਿੰਗ ਦੀਆਂ ਬਣਾਉਂਦੀ ਹੈ – ਜਮੀਨ ਦੇ ਉਪਯੋਗ, ਮਕਾਨ ਨਿਰਮਾਣ, ਭਾਈਚਾਰਕ ਸੇਵਾਵਾਂ, ਅਤੇ ਵਾਤਾਵਰਣ ਦੀ ਵਿਸਥਾਰਪੂਰਵਕ ਖੋਜਬੀਨ ਤੋਂ ਬਾਅਦ। ਹੈਰੀਟੇਜ ਬਚਾਉਣ ਦੀਆਂ ਯੋਜਨਾਵਾਂ ਅਤੇ ਕਾਰਜਕਰਮਾਂ ਨੂੰ ਲਾਗੂ ਅਤੇ ਉਤਸ਼ਾਹਤ ਕਰਦੀ ਹੈ।
3. ਅਰਬਨ ਡਿਜ਼ਾਈਨ: ਸਾਡੀਆਂ ਸੜਕਾਂ, ਪਾਰਕ, ਅਤੇ ਖੁੱਲੀ ਜਗ੍ਹਾ ਦੀ ਉੱਤਮਤਾ ਵਾਲੇ ਡਿਜ਼ਾਈਨ ਨੂੰ ਉਤਸ਼ਾਹਤ ਕਰਦੀ ਹੈ। ਖਾਸ ਜਮੀਨ ਦੇ ਅਨੁਸਾਰ ਬਿਲਡਿੰਗ ਦੀ ਸਥਿਤੀ, ਵਿਵਸਥਾ ਅਤੇ ਅਕਾਰ ਦਾ ਮਾਰਗਦਰਸ਼ਨ ਕਰਦੀ ਹੈ।
4. ਟ੍ਰਾਂਸਪੋਰਟੇਸ਼ਨ: ਟਰਾਂਜਿਟ ਦੇ ਸੁਧਾਰ, ਗੱਡੀਆਂ ਤੇ ਨਿਰਭਰਤਾ ਨੂੰ ਘੱਟ ਕਰਨਾ, ਅਤੇ ਆਵਾਜਾਈ ਦੇ ਹੋਰ ਤਰੀਕਿਆਂ ਨੂੰ ਉਤਸ਼ਾਹਤ ਕਰਨਾ, ਜਿਵੇਂ ਕਿ ਤੁਰਨਾ, ਸਾਈਕਲ, ਸਬ-ਵੇ, ਅਤੇ ਸਟ੍ਰੀਟ ਕਾਰ ਦੀ ਵਰਤੋਂ ਆਦਿ ਵਿਸ਼ਿਆਂ ਤੇ ਵਿਚਾਰ ਕਰਦੀ ਹੈ।

## ਉਨਟਾਰੀਉ ਵਿੱਚ ਪਲੈਨਿੰਗ

ਟੋਰਾਂਟੋ ਸਿਟੀ ਪਲੈਨਰਜ, ਅਨੇਕਾਂ ਕਾਨੂੰਨਾਂ, ਨਿਯਮਾਂ, ਜੋਨਿੰਗ ਬਾਏ-ਲਾ ਅਤੇ ਹੋਰ ਨੀਤੀਆਂ ਦੇ ਮੁਤਾਬਕ ਕੰਮ ਕਰਦੇ ਹਨ:

### ਦਿ ਪਲੈਨਿੰਗ ਐਕਟ

- ਪੂਰੇ ਉਨਟਾਰੀਉ ਵਿੱਚ ਪਲੈਨਿੰਗ ਦਾ ਸੰਚਾਲਨ ਕਰਦਾ ਹੈ

- ਨਗਰਪਾਲਕਾ ਅਤੇ ਸਰਕਾਰੀ ਯੋਜਨਾ ਬਣਾਏ ਰੱਖਣ ਦੀ ਮੰਗ ਕਰਦਾ ਹੈ
- ਜਮੀਨ ਦੇ ਵਿਕਾਸ ਅਤੇ ਜਨਤਾ ਦੇ ਸਲਾਹ ਮਸ਼ਵਰੇ ਦੀਆਂ ਘੱਟੋ-ਘੱਟ ਜਰੂਰਤਾਂ ਨੂੰ ਨਿਯਤ ਕਰਦਾ ਹੈ
- ਉਨਟਾਰੀਉ ਨਗਰਪਾਲਕਾ ਬੋਰਡ ਤੇ ਅਪੀਲ ਦੀ ਅਧਿਕਾਰਾਂ ਨੂੰ ਬਣਾਉਂਦਾ ਹੈ

### ਸੂਬਾਈ ਪਾਲਿਸੀ ਸਟੇਟਮੈਂਟ (PPS)

- ਪ੍ਰਾਂਤ ਦੀ ਰੁਚੀ ਦੇ ਪਲਾਨਿੰਗ ਦੇ ਵਿਸ਼ਿਆਂ ਵਿੱਚ, ਜਿਵੇਂ ਕਿ ਵਾਤਾਵਰਣ, ਅਰਥ-ਵਿਵਸਥਾ, ਅਤੇ ਮਕਾਨ ਦੇ ਵਿਸ਼ਿਆਂ ਦੀਆਂ ਨੀਤੀਆਂ ਦਾ ਮਾਰਗਦਰਸ਼ਨ ਕਰਦਾ ਹੈ
- ਪਲਾਨਿੰਗ ਦੇ ਨਿਰਣੇ PPS "ਦੇ ਅਨੁਸਾਰ" ਹੋਣੇ ਚਾਹੀਦੇ ਹਨ

### ਜੋਨਿੰਗ ਬਾਏ-ਲਾ

- "ਸਾਈਟ-ਸਪੈਸੇਫਿਕ" ਆਧਾਰ ਤੇ ਸਰਕਾਰੀ ਯੋਜਨਾ ਕਾਰਜਕਰਮ ਨਿਸ਼ਚਤ ਕਰਦਾ ਹੈ
- ਜਮੀਨ ਅਤੇ ਇਮਾਰਤ ਬਣਾਉਣ ਦੇ ਕੰਮ ਨੂੰ ਨਿਯੰਤਰਤ ਕਰਦਾ ਹੈ
- ਨਿਸ਼ਚਤ ਕਰਦਾ ਹੈ ਕਿ ਜਮੀਨ ਤੇ ਕੀ ਬਣਾਇਆ ਜਾ ਸਕਦਾ ਹੈ, ਜਿਵੇਂ ਕਿ
  - ਜਮੀਨ ਕਿਹਨਾਂ ਉਦਯੋਗਾਂ ਦੇ ਲਈ ਅਲਾਟ ਹੈ
  - ਵਿਕਾਸ ਕਿੰਨਾ ਸੰਘਣਾ ਹੋ ਸਕਦਾ ਹੈ
  - ਬਿਲਡਿੰਗ ਦੀ ਉਚਾਈ ਅਤੇ ਸੜਕ ਤੋਂ ਦੂਰੀ
  - ਪਾਰਕਿੰਗ ਅਤੇ ਖੁੱਲੀ ਜਗ੍ਹਾ ਦੀਆਂ ਜਰੂਰਤਾਂ

### ਦਿ ਕਮੇਟੀ ਆਫ ਐਡਜੈਂਟਮੈਂਟ

- ਸਿਟੀ ਕਾਊਂਸਲ ਦੁਆਰਾ ਨਿਯੁਕਤ ਡਿਸਟਰਿਕਟ ਪੈਨਲ ਨੂੰ ਪਲੈਨਿੰਗ ਦੀ ਛੋਟੀ-ਮੋਟੀ ਗੱਲਾਂ ਨੂੰ ਸੁਣਨ ਅਤੇ ਉਹਨਾਂ ਤੇ ਨਿਰਣਾ ਲੈਣ ਦਾ ਅਧਿਕਾਰ ਹੁੰਦਾ ਹੈ, ਜਿਵੇਂ ਕਿ:
  - ਜੋਨਿੰਗ ਬਾਏ ਲਾ ਦਾ ਛੋਟਾ ਮੋਟਾ ਪਰਿਵਰਤਨ
  - ਜਮੀਨ ਦੇ ਹੋਰ ਉਪਯੋਗ ਦੇ ਕਾਨੂੰਨੀ ਆਵੇਦਨ, ਅਤੇ
  - ਜਮੀਨ ਦੀ ਵੰਡ ਕਰਨ ਦੀ ਇਜਾਜਤ ਦਾ ਆਵੇਦਨ
- ਸਾਰੇ ਨਿਯਮਾਂ ਦੀ ਅਪੀਲ ਉਨਟਾਰੀਉ ਮਿਊਂਸਪਲ ਬੋਰਡ ਨੂੰ ਕੀਤੀ ਜਾ ਸਕਦੀ ਹੈ

www.toronto.ca/planning/comm_adj.htm

### ਉਨਟਾਰੀਉ ਮਿਊਂਸਪਲ ਬੋਰਡ (OMB)

- ਜਮੀਨ-ਜਾਇਦਾਦ ਅਤੇ ਪਲਾਨਿੰਗ ਦੇ ਵਿਸ਼ਿਆਂ ਦੇ ਲਈ ਸੂਬੇ ਦੁਆਰਾ ਨਿਯੁਕਤ ਅਪੀਲ ਬੋਰਡ
- ਵਿਕਾਸ ਦੇ ਆਵੇਦਨਾਂ ਅਤੇ ਕਾਊਂਸਲ ਦੇ ਨਿਰਣਿਆਂ ਤੇ ਅਪੀਲ ਸੁਣਦਾ ਹੈ
- ਕਮੇਟੀ ਅਤੇ ਐਡਜੈਸਟਮੈਂਟ ਦੇ ਨਿਯਮਾਂ ਤੇ ਅਪੀਲ ਸੁਣਦਾ ਹੈ
- ਆਵੇਦਨ ਕਰਤਾ ਦੇ ਖਿਲਾਫ ਅਪੀਲ ਸੁਣ ਸਕਦਾ ਹੈ ਜੇਕਰ ਉਹ ਕਾਨੂੰਨੀ ਨਿਰਧਾਰਤ ਸਮੇਂ ਤੇ ਕੰਮ ਨਾ ਕਰ ਸਕੇ ਤਾਂ

www.toronto.ca/torontoplan

## ਕਿਵੇਂ ਭਾਗ ਲਿਆ ਜਾ ਸਕਦਾ ਹੈ?

ਆਪ ਪਲਾਨਿੰਗ ਦੀ ਵਿਧੀ ਦਾ ਹਿੱਸਾ ਬਣ ਸਕਦੇ ਹੋ, ਕਮਿਊਨਿਟੀ ਦੀ ਜਾਣਕਾਰੀ ਦੇ ਨਾਲ ਵਾਕਫ ਹੋ ਕੇ ਅਤੇ ਸਾਰਵਜਨਕ ਸਭਾਵਾਂ ਵਿੱਚ ਭਾਗ ਲੈ ਕੇ। ਤੁਹਾਡੇ ਭਾਗ ਲੈਣ ਦੇ ਨਾਲ ਕਾਊਂਸਲ ਚੰਗੇ ਨਿਰਮਾਣ ਕਰ ਸਕੇਗੀ ਜਿਸਦਾ ਅਸਰ ਤੁਹਾਡੇ ਆਂਢ-ਗੁਆਂਢ ਵਿੱਚ ਪਵੇਗਾ।

ਜੇਕਰ ਤੁਸੀਂ ਪਲਾਨਿੰਗ ਦੀਆਂ ਨੀਤੀਆਂ ਦੇ ਪਰਿਵਰਤਨ ਵਿੱਚ ਥੋੜਾ ਜਾਂ ਸਾਰਾ ਭਾਗ ਲੈਣਾ ਚਾਹੁੰਦੇ ਹੋ ਤਾਂ

- ਸਾਰੇ ਸੰਭਾਵਤ ਵਿਸ਼ਿਆਂ ਦੇ ਬਾਰੇ ਜਿਆਦਾ ਤੋਂ ਜਿਆਦਾ ਪਤਾ ਲਗਾਉ ਅਤੇ ਸੋਚੋ ਕਿ ਉਹਨਾਂ ਦਾ ਤੁਹਾਡੇ ਤੇ ਕੀ ਅਸਰ ਪੈ ਸਕਦਾ ਹੈ
- ਸਾਰਵਜਨਕ ਸਭਾਵਾਂ ਅਤੇ ਜਾਣਕਾਰੀ ਸਭਾਵਾਂ ਦੇ ਵਿੱਚ ਭਾਗ ਲਉ ਤਾਂ ਕਿ ਤੁਹਾਡੀ ਅਵਾਜ ਸੁਣੀ ਜਾ ਸਕੇ
- ਆਪਣੇ ਵਿਚਾਰਾਂ ਦੇ ਬਾਰ ਕਾਊਂਸਲ ਦੇ ਸਦੱਸਾਂ ਨੂੰ ਲਿਖੋ
- ਸਿਟੀ ਪਲਾਨਰ ਨੂੰ ਸੰਪਰਕ ਕਰੋ ਅਤੇ
- ਨਗਰਪਾਲਕਾ ਦੇ ਚੋਣ ਵਿੱਚ ਭਾਗ ਲਉ